ਕੁਲ ਪ੍ਰਸ਼ਨ: 13 ਵਿਸ਼ਾ ਕੋਡ 150

ਅਕਾਦਮਿਕ ਸੈਸ਼ਨ 2021-22

ਟਰਮ-2, XII

ਮੀਡੀਆ ਸਟੱਡੀਜ਼

ਸਮਾਂ: 2 ਘੰਟੇ ਕੁਲ ਅੰਕ: 40

1. ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ ਜਿਨ੍ਹਾਂ ਵਿੱਚ 13 ਪ੍ਰਸ਼ਨ ਹਨ ਤੇ 11 ਹੱਲ ਕਰਨੇ ਲਾਜ਼ਮੀ ਹਨ।
2. ਭਾਗ-I ਛੋਟੇ ਉੱਤਰਾਂ ਵਾਲਾ ਪ੍ਰਸ਼ਨ ਹੈ ਇਸਦੇ ਚਾਰੋ ਪ੍ਰਸ਼ਨ ਲਾਜ਼ਮੀ ਹਨ।
3. ਭਾਗ-II ਦੇ 6 ਪ੍ਰਸ਼ਨਾਂ ਵਿੱਚੋਂ ਕੋਈ ਚਾਰ ਹੱਲ ਕਰਨੇ ਲਾਜ਼ਮੀ ਹਨ।
4. ਭਾਗ-III ਵਿੱਚ ਦਿੱਤੇ ਪੈਰ੍ਹੇ ਦੇ ਆਧਾਰ ’ਤੇ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦੇਣੇ ਹਨ।
5. ਭਾਗ-IV ਵਿੱਚ ਅੰਦਰੂਨੀ ਚੋਣ ਵਾਲੇ ਦੋ ਪ੍ਰਸ਼ਨ ਹਨ ਤੇ ਦੋਹੇਂ ਲਾਜ਼ਮੀ ਹਨ।

## ਭਾਗ-I

ਨੋਟ: ਹਰ ਪ੍ਰਸ਼ਨ ਦਾ ਉੱਤਰ 2-3 ਵਾਕਾਂ ਤੱਕ ਹੀ ਦਿਓ:-

1. ਭਾਰਤੀ ਹਿੰਦੀ ਸਿਨੇਮਾ ਵਿੱਚ ਕਿਹੜੇ ਦੋ ਪ੍ਰਮੁੱਖ ਤਰ੍ਹਾਂ ਦੀਆਂ ਫਿਲਮਾਂ ਬਣਦੀਆਂ ਹਨ? ਇੱਕ-ਇੱਕ ਵਾਕ ਵਿੱਚ ਸਪਸ਼ਟ ਕਰੋ। 1+1=2
2. ਕਿਸੇ ਵੈਬਸਾਈਟ ਵਿੱਚ ਲਿਖੇ ਤਿੰਨ ਡਬਲਿਊਜ਼ (www) ਦਾ ਕੀ ਭਾਵ ਹੁੰਦਾ ਹੈ? 2
3. ਪ੍ਰਿੰਟ ਮੀਡੀਆ ਵਿੱਚ ਕਿਹੜੇ ਦੋ ਕਿਸਮਾਂ ਦੇ ਇਸ਼ਤਿਹਾਰ ਛਾਪੇ ਜਾਣੇ ਪ੍ਰਚਲਤ ਹਨ? 2
4. A.F.P. ਤੇ A.P. ਕਿਹੜੇ ਕਿਹੜੇ ਦੇਸ਼ਾਂ ਦੀਆਂ ਖ਼ਬਰ ਏਜੰਸੀਆਂ ਹਨ? 2

## ਭਾਗ-II

ਨੋਟ: ਕੋਈ 4 ਪ੍ਰਸ਼ਨ ਹੱਲ ਕਰੋ ਤੇ ਹਰ ਪ੍ਰਸ਼ਨ ਦਾ ਉੱਤਰ 5 ਤੋਂ 7 ਵਾਕਾਂ ਵਿੱਚ ਦਿਓ:

5. ਪੰਜਾਬੀ ਫ਼ਿਲਮ ‘ਮੜ੍ਹੀ ਦਾ ਦੀਵਾ’ ਜਾਂ ‘ਅਸੀਸ’ ਦੇ ਕੋਈ ਚਾਰ ਕਲਾਕਾਰਾਂ ਦੇ ਅਸਲੀ ਤੇ ਫ਼ਿਲਮੀ ਕਿਰਦਾਰਾਂ ਦੇ ਨਾਮ ਨਾਲੋ-ਨਾਲ ਲਿਖੋ। 1+1+1+1=4
6. ਹਿੰਦੀ ਫ਼ਿਲਮ ‘ਚੱਕਰਵਿਊ’ ਜਾਂ ‘ਪੇਜ-ਥ੍ਰੀ’ ਦਾ ਮਨੋਰਥ ਸੰਖੇਪ ਵਿੱਚ ਲਿਖੋ। 4
7. ਔਨਲਾਈਨ ਸਿਟੀਜ਼ਨ ਜਰਨਲਿਜ਼ਮ ਤੋਂ ਕੀ ਭਾਵ ਹੈ? ਸਪਸ਼ਟ ਕਰੋ। 4
8. ਐੱਸ.ਐੱਮ.ਐੱਸ ਅਤੇ ਐੱਮ.ਐੱਮ.ਐੱਸ ਵਿੱਚ ਕੀ ਅੰਤਰ ਹੈ? ਸਪਸ਼ਟ ਕਰੋ। 2+2=4
9. ਨਿਊਜ਼ ਬ੍ਰਾਡਕਾਸਟਰ ਐਸੋਸੀਏਸ਼ਨ (NBA) ਵੱਲੋਂ ਮਿਆਰ ਕਾਇਮੀ ਲਈ ਦਿੱਤੇ ਨੁਕਤਿਆਂ ਵਿੱਚੋਂ ਕੋਈ ਦੋ ਸੰਖੇਪ ਵਿੱਚ ਸਪਸ਼ਟ ਕਰੋ। 4
10. ਹੇਠ ਲਿਖਿਆਂ ਵਿੱਚੋਂ ਕਿਸੇ ਚਾਰ ਬਾਰੇ, ਇੱਕ-ਇੱਕ ਵਾਕ ਵਿੱਚ ਸਪਸ਼ਟ ਕਰੋ:-

| | | | | |
|---|---|---|---|---|
| (i) ਡੈਸਕ | (ii) ਕਿਊ | (iii) ਬੌਕਸ | (iv) ਬੈਨਰ | |
| (v) ਕੈਪਸ਼ਨ | (vi) ਏਜੰਸੀ | (vii) ਈਅਰਜ਼ | (viii) ਮਿਡਲ | 1+1+1+1=4 |

## ਭਾਗ-III

ਨੋਟ: ਹੇਠ ਲਿਖਿਆਂ ਪੈਰ੍ਹਾ ਪੜ੍ਹ ਕੇ, ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:-

11. ਸਰਦਾਰ ਸੂਬਾ ਸਿੰਘ ਤੇ ਸਰਦਾਰ ਗੁਰਨਾਮ ਸਿੰਘ ਤੀਰ ਪੰਜਾਬੀ ਪੱਤਰਕਾਰੀ ਦੇ ਖੇਤਰ ਵਿੱਚ ਅਜਿਹੀਆਂ ਦੋ ਅਜ਼ੀਮ ਹਸਤੀਆਂ ਹਨ ਜਿਨ੍ਹਾਂ ਕੋਲ ਨਾ ਸਿਰਫ਼ ਪੱਤਰਕਾਰੀ ਸਗੋਂ ਲੋਕ ਸੰਪਰਕ ਤੇ ਸਿਆਸਤ ਦਾ ਵੀ ਤਜਰਬਾ ਸੀ। ਸੂਬਾ ਸਿੰਘ ਦਾ ਜਨਮ ਸੰਨ 1915 ਵਿੱਚ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਉਧੋਨੰਗਲ ਵਿੱਚ ਸਰਦਾਰ ਰਾਮ ਸਿੰਘ ਦੇ ਘਰ ਹੋਇਆ ਤੇ ਉਨ੍ਹਾਂ ਐਮ.ਏ. ਤੱਕ ਸਿੱਖਿਆ ਹਾਸਲ ਕੀਤੀ। ਉਹ ਹਾਸਰਸ ਦੇ ਕਵੀ ਤੇ ਵਿਅੰਗਕਾਰ ਵੀ ਸਨ ਤੇ ਦੇ ਰੂਪ ਵਿੱਚ ਦਰਜਨ ਕੁ ਕਿਤਾਬਾਂ ਰਚੀਆਂ ਤੇ ਸੰਨ 1972 ਤੋਂ

1977 ਤੱਕ ਪੰਜਾਬ ਦੇ ਮੁੱਖ ਮੰਤਰੀ ਦੇ ਪ੍ਰੈਸ ਸਲਾਹਕਾਰ ਰਹੇ। ਸਰਦਾਰ ਗੁਰਨਾਮ ਸਿੰਘ ਤੀਰ ਜੋ ਕਿ ਗਦਰੀ ਆਗੂ ਗੁਰਦਿਆਲ ਸਿੰਘ ਦੇ ਪੁੱਤਰ ਸਨ, ਦਾ ਜਨਮ ਸੰਨ 1937 ਵਿੱਚ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਕੋਟ ਸੁਖੀਆ ਵਿੱਚ ਹੋਇਆ ਤੇ ਉਹ ਐਮ.ਏ., ਐੱਲ.ਐੱਲ.ਬੀ. ਪੀ.ਐਚ.ਡੀ. ਤੱਕ ਸਿੱਖਿਅਤ ਹੋਣ ਉਪਰੰਤ ਵਕੀਲ ਬਣੇ ਤੇ ਫਿਰ ਪੰਜਾਬ ਦੇ ਚਾਰ ਮੁੱਖ ਮੰਤਰੀਆਂ ਦੇ ਪ੍ਰੈਸ ਸਲਾਹਕਾਰ ਰਹੇ। ਉਹ ਸਾਲ 1951 ਵਿੱਚ ਪੀ.ਟੀ.ਆਈ. ਤੇ ਯੂ.ਐਨ.ਆਈ. ਲਈ ਕਾਰਜ ਕਰਨ ਲੱਗੇ ਤੇ ਮੁੜ ਪੰਜਾਬੀ ਟ੍ਰਿਬਿਊਨ ਵਿੱਚ 'ਪੋਸਟ ਮਾਰਟਮ' ਤੇ ਅਜੀਤ ਵਿੱਚ 'ਚਾਚਾ ਚੰਡੀਗੜ੍ਹੀਆ' ਦੇ ਸਿਰਲੇਖਾਂ ਹੇਠ ਲੜੀਵਾਰ ਵਿਅੰਗ ਲਿਖਦੇ ਪ੍ਰਸਿੱਧ ਹੋਏ। ਪੰਜਾਬੀ, ਉਰਦੂ ਤੇ ਹਿੰਦੀ ਦੇ ਅਖ਼ਬਾਰਾਂ ਵਿੱਚ ਡਾ. ਤੀਰ ਸੁਤੰਤਰ ਪੱਤਰਕਾਰ ਵਜੋਂ ਜਿੰਨਾ ਛਪੇ ਹਨ, ਅਜਿਹਾ ਮਾਣ ਕਿਸੇ ਹੋਰ ਨੂੰ ਘੱਟ ਹੀ ਪ੍ਰਾਪਤ ਹੋਇਆ ਹੈ।

ਉੱਤਰ ਦਿਓ:-

(i) ਸੂਬਾ ਸਿੰਘ ਤੇ ਡਾ.ਤੀਰ ਦੀ ਉਮਰ ਵਿੱਚ ਕਿੰਨੇ ਵਰ੍ਹਿਆਂ ਦਾ ਫ਼ਰਕ ਸੀ?

(ii) ਡਾ.ਤੀਰ ਦੀ ਕਿਹੜੀ ਅਕਾਦਮਿਕ ਪ੍ਰਾਪਤੀ ਤੋਂ ਪਤਾ ਲੱਗਦਾ ਹੈ ਕਿ ਉਹ ਵਕੀਲ ਸਨ?

(iii) ਸਰਦਾਰ ਸੂਬਾ ਸਿੰਘ ਤੇ ਗੁਰਨਾਮ ਸਿੰਘ ਤੀਰ ਕਿਹੜੀ ਸਾਹਿਤਕ ਵੰਨਗੀ ਦੇ ਲੇਖਕ ਸਨ?

(iv) ਉਕਤ ਪੈਰ੍ਹੇ ਵਿੱਚ ਕਿਹੜੀਆਂ ਦੋ ਖ਼ਬਰ ਏਜੰਸੀਆਂ ਦਾ ਜ਼ਿਕਰ ਹੈ? 1+1+1+1=4

## ਭਾਗ-IV

ਨੋਟ: ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 12 ਤੋਂ 15 ਵਾਕਾਂ ਤੱਕ ਦਿਓ:-

12. ਫ਼ਿਲਮ 'ਪਿੰਜਰ' ਜਾਂ 'ਉੜਤਾ ਪੰਜਾਬ' ਬਣਾਏ ਜਾਣ ਦਾ ਮਨੋਰਥ ਪ੍ਰਮਾਣਾਂ ਸਮੇਤ ਸਪਸ਼ਟ ਕਰੋ।

ਜਾਂ

ਕਿਸੇ ਤਿੰਨ ਤੇ ਨੋਟ ਲਿਖੋ:- (i) ਇੰਸਤਾਗ੍ਰਾਮ (ii) ਫ਼ੇਸਬੁੱਕ (iii) ਵ੍ਹੱਟਸਐਪ (iv) ਟਵਿਟਰ 06

13. ਸਵੈ-ਨੇਮਬੱਧਤਾ (Self Regulation) ਦੇ ਸਿਧਾਂਤ ਦੇ ਆਧਾਰ 'ਤੇ ਕਿਸੇ ਦੋ 'ਨੋਟ ਲਿਖੋ।

(i) ਸਟਿੰਗ ਅਪ੍ਰੇਸ਼ਨ (ii) ਕੋਰੀਜੰਡਮ ਜਾਂ ਸ਼ੁੱਧੀਪੱਤਰ (iii) ਨਿੱਝਤਾ

ਜਾਂ

ਫ਼ਿਲਮ ਰਿਵਿਊ ਕੀ ਹੁੰਦਾ ਹੈ? ਇਸ ਦੇ ਮੁਢਲੇ ਤੱਤ ਕੀ ਹੋ ਸਕਦੇ ਹਨ? 06